**BABA FARID UNIVERSITY OF HEALTH SCIENCES**

SADIQ ROAD, FARIDKOT (PUNJAB) – 151203
Ph: 01639 -  256232, 256236

## ਪਾਰਕਿੰਗ ਦੇ ਠੇਕੇ ਲਈ ਖੁੱਲੀ ਬੋਲੀ ਦਾ ਸੱਦਾ

ਆਮ ਜਨਤਾ ਅਤੇ ਚਾਹਵਾਨ ਸੱਜਣਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦੋਕਟ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਪਾਰਕਿੰਗ ਸਟੈਂਡ ਦੇ ਠੇਕੇ ਲਈ ਖੁੱਲੀ ਬੋਲੀ ਮਿਤੀ 08.02.2023 ਦਿਨ ਬੁੱਧਵਾਰ (ਸਮਾਂ 11:00 ਵਜੇ ਸਵੇਰੇ) ਸਥਾਨ ਮੈਡੀਕਲ ਸੁਪਰਡੈਂਟ ਦਫਤਰ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਹੋਵੇਗੀ। ਬੋਲੀ ਸਬੰਧੀ ਨਿਯਮਾਂ ਅਤੇ ਸ਼ਰਤਾਂ ਦੀ ਕਾਪੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੀ ਵੈਬਸਾਈਟ www.bfuhs.ac.in ਤੇ ਜਾ ਕੇ ਪ੍ਰਾਪਤ (Download) ਕਰਕੇ ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਦੇ ਦਫਤਰ ਵਿਖੇ ਮਿਤੀ 07.02.2023 (ਸਮਾਂ 5:00 ਵਜੇ) ਤੱਕ ਹੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

# ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ

## ਪਾਰਕਿੰਗ ਦੀ ਬੋਲੀ ਲਈ ਨਿਯਮ । ਸ਼ਰਤਾਂ

ਬੋਲੀ ਦੀ ਮਿਤੀ ......................

ਸਮਾਂ ...................................

ਸਥਾਨ .................................

| |
|---|
| ਬੋਲੀਕਾਰ ਦਾ ਸੈਲਫ ਅਟੈਸਟਿਡ ਫੋਟੋ |

ਦਸਤਾਵੇਜੀ ਫੀਸ 500/- ਰੁਪਏ +GST (18%)=590 ਰੁਪਏ (ਨਾ ਮੋੜਣਯੋਗ ਫੀਸ) ਡਿਮਾਂਡ ਡਿਰਾਫਟ ਦੇ ਰੂਪ ਵਿੱਚ (In favour of Registrar, BFUHS, Faridkot)

ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵਿਖੇ ਵਹੀਕਲ ਪਾਰਕਿੰਗ ਦਾ ਠੇਕਾ ਦੇਣ ਲਈ ਖੁੱਲੀ ਬੋਲੀ ਕਰਵਾਈ ਜਾਣੀ ਹੈ। ਚਾਹਵਾਨ ਠੇਕੇਦਾਰ ਮੌਕੇ ਉਪਰ ਹਾਜ਼ਰ ਹੋ ਕੇ ਬਿਆਨਾ ਰਕਮ 10,000/- ਰੁਪਏ ਦੇ ਡਿਮਾਂਡ ਡਿਰਾਫਟ (In favour of Registrar, BFUHS, Faridkot) ਨਾਲ ਬੋਲੀ ਦੀਆਂ ਸ਼ਰਤਾਂ ਦੀ ਕਾਪੀ ਅਤੇ ਆਧਾਰ ਕਾਰਡ ਦੀ ਕਾਪੀ ਜਮ੍ਹਾਂ ਕਰਵਾਕੇ ਬੋਲੀ ਦੇ ਸਕਦੇ ਹਨ, ਜੋ ਕਿ ਸਫਲ ਬੋਲੀਕਾਰ ਦੀ ਰਕਮ ਰੱਖਕੇ ਬਾਕੀ ਸਭ ਬੋਲੀਕਾਰਾਂ ਨੂੰ ਮੌਕੇ ਉਪਰ ਹੀ ਬਿਆਨਾ ਵਾਪਿਸ ਕਰ ਦਿੱਤਾ ਜਾਵੇਗਾ।

**ਬੋਲੀ ਲਗਾਉਣ ਲਈ ਸਰਤਾਂ ਹੇਠ ਲਿਖੇ ਅਨੁਸਾਰ ਹੋਣਗੀਆਂ:-**

1. ਪਾਰਕਿੰਗ ਸਟੈਂਡ ਦੀ ਖੁੱਲੀ ਬੋਲੀ ਦੀ ਰਾਸ਼ੀ 5000/- ਰੁਪਏ ਪ੍ਰਤੀਦਿਨ ਤੋਂ ਸ਼ੁਰੂ ਕੀਤੀ ਜਾਵੇਗੀ। ਬੋਲੀ ਵਿੱਚ ਹਿੱਸਾ ਲੈਣ ਵਾਲੇ ਬਿਨੈਕਾਰ ਨੂੰ ਹਿੱਸਾ ਲੈਣ ਲਈ 10,000/- ਰੁਪਏ ਜਮ੍ਹਾਂ ਕਰਵਾਉਣੇ ਪੈਣਗੇ ਜੋ ਕਿ ਬੋਲੀ ਖਤਮ ਹੋਣ ਉਪਰੰਤ ਮੋੜ ਦਿੱਤੇ ਜਾਣਗੇ ਅਤੇ ਸਫਲ ਬੋਲੀਕਾਰ ਵੱਲੋਂ ਜਮਾਂ ਕਰਵਾਈ ਗਈ ਰਕਮ ਉਸ ਵੱਲੋਂ ਦਿੱਤੀ ਜਾਣ ਵਾਲੀ ਪਾਰਕਿੰਗ ਦੀ ਅਡਵਾਂਸ ਰਕਮ ਵਿੱਚ ਅਡਜਸਟ ਕਰ ਲਈ ਜਾਵੇਗੀ।
2. ਪਾਰਕਿੰਗ ਦਾ ਠੇਕਾ ਇੱਕ ਸਾਲ ਲਈ ਕੀਤਾ ਜਾਵੇਗਾ। ਜੋ ਕਿ ਸ਼ੁਰੂ ਵਿੱਚ ਸਿਰਫ ਤਿੰਨ ਮਹੀਨਿਆਂ ਲਈ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਅਗਲੇ ਤਿੰਨ ਮਹੀਨਿਆਂ ਦਾ ਵਾਧਾ ਹੇਠ ਲਿਖਿਆਂ ਦੋ ਸ਼ਰਤਾਂ ਤੇ ਵਧਾਇਆ ਜਾਵੇਗਾ
   A. ਜੇਕਰ ਠੇਕੇਦਾਰ ਦਾ ਕੰਮ ਤੱਸਲੀਬਖਸ਼ ਹੋਵੇਗਾ।
   B. ਅਗਲੇ ਤਿੰਨ ਮਹੀਨਿਆਂ ਦੇ ਪੈਸੇ ਠੇਕੇਦਾਰ 15 ਦਿਨ ਪਹਿਲਾਂ ਜਮ੍ਹਾਂ ਕਰਵਾਏਗਾ।
3. ਪਾਰਕਿੰਗ ਦੇ ਠੇਕੇ ਲਈ ਸਿਰਫ ਪ੍ਰੋਪਰਾਈਟਰ ਨੂੰ ਹੀ ਬੋਲੀ ਵਿੱਚ ਪ੍ਰਵੇਸ਼ ਕਰਵਾਇਆ ਜਾਵੇਗਾ ਇਸ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਅੰਦਰ ਜਾਣ ਦੀ ਇਜਾਜਤ ਨਹੀਂ ਹੋਵੇਗੀ।
4. ਪਾਰਕਿੰਗ ਸਟੈਂਡ ਦੇ ਠੇਕੇ ਦੀ ਡੇਲੀਵੇਜ ਦੀ ਰਾਸ਼ੀ ਜੋ ਵਿਅਕਤੀ ਵੱਧ ਅਦਾ ਕਰੇਗਾ ਉਸ ਨੂੰ ਠੇਕਾ ਦਿੱਤਾ ਜਾਵੇਗਾ। ਅਗਰ ਬੋਲੀ ਤੇ ਸਹਿਮਤੀ ਨਹੀਂ ਬਣਦੀ ਤਾਂ ਬੋਲੀ ਤਰੁੰਤ ਰੱਦ ਕੀਤੀ ਜਾ ਸਕਦੀ ਹੈ।
5. ਸਭ ਤੋਂ ਵੱਧ ਰਾਸ਼ੀ ਦੀ ਬੋਲੀ ਦੇਣ ਵਾਲੇ ਸਫਲ ਬੋਲੀਕਾਰ (ਠੇਕੇਦਾਰ) ਨੂੰ ਪਾਰਕਿੰਗ ਦੇ ਠੇਕੇ ਸਬੰਧੀ ਵਰਕ ਆਰਡਰ ਜਾਰੀ ਕਰਨ ਤੋਂ ਪਹਿਲਾਂ ਤਿੰਨ ਦਿਨ ਦੇ ਵਿੱਚ ਵਿੱਚ ਹੇਠ ਲਿਖੀਆਂ ਸ਼ਰਤਾਂ ਦਾ ਪਾਲਣ ਯਕੀਨੀ ਬਣਾਉਣਾ ਪਵੇਗਾ।
   A. ਸਫਲ ਬੋਲੀਕਾਰ (ਠੇਕੇਦਾਰ) ਵੱਲੋਂ ਪ੍ਰਤੀ ਦਿਨ ਦੇ ਹਿਸਾਬ ਨਾਲ ਤਿੰਨ ਮਹੀਨਿਆਂ ਦੀ ਰਕਮ ਅਡਵਾਂਸ ਦਾ ਰੂਪ ਵਿੱਚ ਜਮ੍ਹਾਂ ਕਰਵਾਈ ਜਾਵੇਗੀ।
   B. 3,00,000/- ਰਕਮ ਸਕਿਊਰਟੀ ਦੇ ਰੂਪ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

C. ਤਿੰਨ ਮਹੀਨਿਆਂ ਦੀ ਅਡਵਾਂਸ ਰਕਮ ਤੋਂ ਇਲਾਵਾ ਇਸ ਰਕਮ ਦੇ ਉੱਪਰ ਬਣਦਾ TCS Tax (ਇਨਕਮ ਟੈਕਸ ਰੂਲਾਂ ਮੁਤਾਬਕ) ਨਾਲ ਹੀ ਜਮ੍ਹਾਂ ਕਰਵਾਉਣਾ ਪਵੇਗਾ। ਇਸ ਤੋ ਇਲਾਵਾ GST (If applicable) ਦੀ ਵਸੂਲੀ ਵੀ ਕੀਤੀ ਜਾਵੇਗੀ।

D. ਸਫਲ ਬੋਲੀਕਾਰ (ਠੇਕੇਦਾਰ) ਵੱਲੋਂ ਰਸੀਦਾਂ ਪ੍ਰਿੰਟ ਕਰਵਾ ਕੇ ਨਿਮਨਹਸਤਾਖਰ ਦੇ ਦਫਤਰ ਵਿਖੇ ਠੇਕਾ ਸ਼ੁਰੂ ਹੋਣ ਤੋਂ ਪਹਿਲਾਂ ਚੈੱਕ ਕਰਵਾਈਆਂ ਜਾਣਗੀਆਂ ਅਤੇ ਠੇਕੇਦਾਰ ਰਸੀਦ ਉੱਪਰ ਮਿਤੀ, ਸਮਾਂ ਅਤੇ ਰਕਮ ਪ੍ਰਿੰਟ ਕਰਵਾਏਗਾ। ਇਸ ਤੋਂ ਇਲਾਵਾ ਸਟਾਫ ਦੇ ਵਹੀਕਲਾਂ ਦੀ ਪਾਰਕਿੰਗ ਸਬੰਧੀ ਫਰੀ ਸਲਿੱਪਸ ਬਣਵਾ ਕੇ ਵੀ ਚੈੱਕ ਕਰਵਾਈਆਂ ਜਾਣਗੀਆਂ।

E. ਸਫਲ ਬੋਲੀਕਾਰ (ਠੇਕੇਦਾਰ) ਵੱਲੋਂ ਨਿਯਮ ਅਤੇ ਹਦਾਇਤਾਂ ਸਬੰਧੀ Annexure-1 ਭਰ ਕੇ 100 ਰੁਪਏ ਦੇ ਅਸਟਾਮ ਤੇ ਲਿਖਵਾ ਕੇ ਨਿਮਨਹਸਤਾਖਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਇਆ ਜਾਵੇਗਾ।

6. ਬਿਜਲੀ ਦਾ ਕਨੈਕਸ਼ਨ ਠੇਕੇਦਾਰ ਨੂੰ ਵੱਖਰੇ ਤੌਰ ਤੇ ਲੈਣਾ ਪਵੇਗਾ।
7. ਪਾਰਕਿੰਗ ਦੇ ਠੇਕੇਦਾਰ ਦੀ ਆਪਣੇ ਮੁਲਾਜਮਾਂ ਦੀ ਸਾਰੀ ਜਿੰਮੇਵਾਰੀ ਹੋਵੇਗੀ ਅਗਰ ਕੋਈ ਮੁਲਾਜਮ ਡਿਊਟੀ ਦੌਰਾਨ ਕੁਤਾਹੀ ਵਰਤਦਾ ਹੈ ਤਾਂ ਤਰੁੰਤ ਠੇਕੇਦਾਰ ਉਸ ਨੂੰ ਡਿਊਟੀ ਤੋਂ ਫਾਰਗ ਕਰੇਗਾ।
8. ਠੇਕੇਦਾਰ ਵੱਲੋਂ GST ਅਤੇ PAN ਨੰਬਰ ਦੇਣਾ ਲਾਜਮੀ ਹੋਵੇਗਾ।
9. ਹਰੇਕ ਬੋਲੀਕਾਰ ਨੂੰ ਘੋਸ਼ਣਾ ਪੱਤਰ ਦੇਣਾ ਲਾਜਮੀ ਹੋਵੇਗਾ ਕਿ ਉਹ ਸਰਕਾਰੀ ਮੁਲਾਜਮ ਨਹੀਂ ਹੈ। ਅਗਰ ਕੋਈ ਸਰਕਾਰੀ ਮੁਲਾਜਮ ਬੋਲੀ ਦੇਣਾ ਚਾਹੁੰਦਾ ਹੈ ਤਾਂ ਉਹ ਆਪਣੇ ਸਬੰਧਿਤ ਵਿਭਾਗ ਤੋਂ NOC ਲੈ ਕੇ ਆਵੇਗਾ।
10. ਠੇਕੇਦਾਰ ਵੱਲੋਂ ਸਟਾਫ ਨੂੰ ਵੀ ਫਰੀ ਵਾਲੀ ਪਾਰਕਿੰਗ ਸਲਿੱਪ ਜਾਰੀ ਕੀਤੀ ਜਾਵੇਗੀ।
11. ਠੇਕੇਦਾਰ ਵੱਲੋਂ ਨਿਰਧਾਰਤ ਰੇਟਾਂ ਤੋਂ ਵੱਧ ਰਕਮ ਵਸੂਲਣ ਤੇ ਅਗਰ ਕੋਈ ਲਿਖਤੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਉਸ ਦੀ ਇਨਕੁਆਰੀ ਕਰਨ ਤੇ ਸ਼ਿਕਾਇਤ ਠੀਕ ਪਾਈ ਜਾਂਦੀ ਹੈ ਤਾਂ ਹਰ ਵਾਰ 5000/- ਜੁਰਮਾਨਾ ਵਸੂਲਿਆ ਜਾਵੇਗਾ ਤੇ ਤਿੰਨ ਵਾਰੀ ਸ਼ਿਕਾਇਤ ਆਉਣ ਤੇ ਠੇਕਾ ਰੱਦ ਕਰਨ ਦਾ ਅਧਿਕਾਰ ਨਿਮਨਹਸਤਾਖਰ ਕੋਲ ਰਾਖਵਾਂ ਹੋਵੇਗਾ ਅਤੇ ਉਸ ਦੀ ਜਮ੍ਹਾਂ ਸਕਿਉਰਟੀ ਰਕਮ ਵੀ ਜਬਤ ਕਰ ਲਈ ਜਾਵੇਗੀ ਅਤੇ ਦਫਤਰ ਨੂੰ ਕਾਨੂੰਨੀ ਕਾਰਵਾਈ ਕਰਨ ਦਾ ਹੱਕ ਵੀ ਰਾਖਵਾਂ ਹੋਵੇਗਾ।
12. ਠੇਕੇਦਾਰ ਵੱਲੋਂ ਹਸਪਤਾਲ ਵਿੱਚ ਬੈਰੀਕੇਟ ਸਹੀ ਤਰੀਕੇ ਨਾਲ ਲਗਵਾਏ ਜਾਣਗੇ ਜਿਸ ਨਾਲ ਮਰੀਜਾਂ ਅਤੇ ਉਹਨਾਂ ਦੇ ਵਾਰਿਸਾਂ ਨੂੰ ਆਉਣ ਜਾਣ ਵਿੱਚ ਕੋਈ ਦਿੱਕਤ ਨਾ ਆਵੇ।
13. ਠੇਕੇਦਾਰ ਵੱਲੋਂ ਠੇਕਾ ਅੱਗੇ ਕਿਸੇ ਹੋਰ ਵਿਅਕਤੀ ਨੂੰ ਨਹੀਂ ਦਿੱਤਾ ਜਾਵੇਗਾ ਅਤੇ ਅਣਅਧਿਕਾਰਤ ਵਹੀਕਲ (ਰੇੜੀਆਂ, ਆਟੋ) ਆਦਿ ਪਾਰਕਿੰਗ ਵਿੱਚ ਨਹੀਂ ਖੜੇ ਕੀਤੇ ਜਾਣਗੇ ਅਤੇ ਪਾਰਕਿੰਗ ਵਾਲੀ ਨਿਰਧਾਰਤ ਜਗ੍ਹਾ ਨੂੰ ਕੋਈ ਹੋਰ ਕੰਮ ਵਾਸਤੇ ਨਹੀਂ ਵਰਤ ਸਕੇਗਾ। ਅਜਿਹਾ ਕਰਨ ਤੇ 5000 ਰੁਪਏ ਜਰਮਾਨਾ ਵਸੂਲਿਆ ਜਾਵੇਗਾ।
14. ਠੇਕੇਦਾਰ ਕੋਲ 1 (ਇੱਕ) ਸਾਲ ਦਾ ਪਾਰਕਿੰਗ ਦਾ ਤਜਰਬਾ ਹੋਣਾ ਲਾਜਮੀ ਹੈ ਅਤੇ ਇਹ ਤਜਰਬਾ ਸਰਟੀਫਿਕੇਟ ਬੋਲੀ ਤੋਂ ਪਹਿਲਾਂ ਜਮਾਂ ਕਰਵਾਉਣਾ ਲਾਜਮੀ ਹੈ।
15. ਪਾਰਕਿੰਗ ਸਟੈਂਡ 24 ਘੰਟੇ ਲਈ ਖੁੱਲਾ ਰਹੇਗਾ।
16. ਨਿਮਨਹਸਤਾਖਰ ਦੇ ਦਫਤਰ ਵੱਲੋਂ ਕਦੇ ਵੀ ਪਾਰਕਿੰਗ ਸਟੈਂਡ ਦੀ ਚੈਕਿੰਗ ਕੀਤੀ ਜਾ ਸਕਦੀ।
17. ਸਟੈਂਡ ਤੋਂ ਸਾਈਕਲ/ਵਾਹਨ ਦੇ ਚੋਰੀ ਹੋਣ ਤੇ ਠੇਕੇਦਾਰ ਨੂੰ ਉਸ ਦੀ ਕੀਮਤ (ਜੋ ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਵੱਲੋਂ ਬਣਾਈ ਕਮੇਟੀ ਨਿਸ਼ਚਿਤ ਕਰੇਗੀ) ਅਦਾ ਕਰਨੀ ਪਵੇਗੀ।
18. ਪਾਰਕਿੰਗ ਦੀ ਜਗ੍ਹਾ ਠੇਕੇਦਾਰ ਨੂੰ ਉਕਤ ਸਟੈਂਡ ਵਾਸਤੇ ਥਾਂ ਹੇਠ ਲਿਖੇ ਅਨੁਸਾਰ ਦਿੱਤੀ ਜਾਵੇਗੀ:-
    - ਹਸਪਤਾਲ ਦੇ ਮੁੱਖ ਦੁਆਰ (ਚੜਦੇ ਵਾਲੇ ਪਾਸੇ) ਜਿੱਥੇ ਮੌਜੂਦਾ ਸਟੈਂਡ ਹੈ।

- ਐਮਰਜੈਂਸੀ ਵਿਭਾਗ ਦੇ ਸਾਹਮਣੇ ਵਾਲੀ ਜਗ੍ਹਾ।
- ਐਮ.ਸੀ.ਐੱਚ ਬਲਾਕ ਦੀ ਪਾਰਕਿੰਗ ਵਾਲੀ ਜਗ੍ਹਾ
- ਆਕਸੀਜਨ ਪਲਾਂਟ ਵਾਲੇ ਪਾਸੇ ਕੈਂਸਰ ਵਿਭਾਗ ਦੇ ਨਾਲ ਵਾਲੇ ਗੇਟ ਤੇ
- ਨਵ ਓ.ਪੀ.ਡੀ. ਬਲਾਕ ਦੇ ਸਾਹਮਣੇ। ਨਾਲ ਵਾਲੀ ਜਗ੍ਹਾ।
- ਡੀ-ਅਡਿਕਸ਼ਨ ਸੈਂਟਰ ਦੀ ਪਾਰਕਿੰਗ ਵਾਲੀ ਜਗ੍ਹਾ।
- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੀ ਬਿਲਡਿੰਗ ਵਿਖੇ ਪਾਰਕਿੰਗ ਵਾਲੀ ਜਗ੍ਹਾ
- ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ

19. ਇਸ ਸੰਸਥਾ/ਹਸਪਤਾਲ ਦੇ ਸਟਾਫ / ਵਿਦਿਆਰਥੀਆਂ ਦੇ ਵਹੀਕਲਾਂ ਦੀ ਠੇਕੇਦਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਪਾਰਕਿੰਗ ਫੀਸ ਦੀ ਵਸੂਲੀ ਨਹੀਂ ਕੀਤੀ ਜਾਵੇਗੀ ਅਤੇ ਠੇਕੇਦਾਰ ਸਟਾਫ ਦੇ ਵਹੀਕਲਾਂ ਦੀ ਸਕਿਊਰਟੀ ਲਈ ਜਿੰਮਵਾਰ ਹੋਵੇਗਾ। ਠੇਕੇਦਾਰ ਨਿਰਧਾਰਤ ਕੀਤੇ ਹੋਏ ਜਗ੍ਹਾ ਤੇ ਸਟਾਫ ਦੇ ਵਹੀਕਲਾਂ ਦੀ ਪਾਰਕਿੰਗ ਕਰਵਾਏਗਾ ਅਤੇ ਇਹ ਜਗ੍ਹਾ ਅਥਾਰਟੀ ਵੱਲੋਂ ਨਿਰਧਾਰਤ ਕੀਤੀ ਜਾਵੇਗੀ। ਉਕਤ ਜਗ੍ਹਾ ਤੇ ਸਟਾਫ ਦੇ ਵਹੀਕਲਾਂ ਦੀ ਪਾਰਕਿੰਗ ਤਰਤੀਬਵਾਰ ਕਰਵਾਉਣ ਦਾ ਪਾਬੰਧ ਹੋਵੇਗਾ।
20. ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਨੂੰ ਕਿਸੇ ਕਾਰਨ ਠੇਕੇ ਨੂੰ ਕਿਸੇ ਹੋਰ ਵਿਅਕਤੀ ਨੂੰ ਦੇਣ ਜਾਂ ਰੱਦ ਕਰਨ ਲਈ ਜਾਂ ਠੇਕੇ ਦਾ ਸਮਾਂ ਵਧਾਉਣ ਜਾਂ ਘਟਾਉਣ ਲਈ ਸਭ ਹੱਕ ਰਾਖਵੇਂ ਹਨ ਤੇ ਸਟੈਂਡ ਦੀ ਅਦਲਾ-ਬਦਲੀ ਕਰਨ ਦੇ ਹੱਕ ਵੀ ਹਨ ਅਤੇ ਕਿਸੇ ਕਿਸਮ ਦਾ ਝਗੜਾ ਹੋਣ ਤੇ ਸੁਣਵਾਈ ਦਾ ਅਧਿਕਾਰ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਪਾਸ ਹੋਵੇਗਾ।
21. ਠੇਕੇਦਾਰ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ/ਸਹਿਯੋਗੀਆਂ ਪਾਸੋਂ ਪਾਰਕਿੰਗ ਸਟੈਂਡ ਤੇ ਵਹੀਕਲ ਆਦਿ ਰੱਖਣ ਲਈ ਹੇਠ ਲਿਖੇ ਅਨੁਸਾਰ ਪੈਸੇ ਚਾਰਜ ਕਰਨਗੇ।

| ਲੜੀ ਨੰ. | ਵਾਹਨ ਦੀ ਕਿਸਮ | 24 ਘੰਟੇ ਦੌਰਾਨ (Full Day Token) Irrespective of Nos. of tips or Multiple entries |
|---|---|---|
| 1 | ਸਾਈਕਲ | 5/- |
| 2 | ਸਕੂਟਰ/ਮੋਪਿਡ/ਮੋਟਰਸਾਈਕਲ | 10/- |
| 3 | ਕਾਰ/ਜੀਪ ਆਦਿ | 20/- |

**ਨੋਟ:**- ਇਹ ਚਾਰਜ 24 ਘੰਟਿਆਂ (8:00 ਸਵੇਰ ਤੇ ਅਗਲੇ ਦਿਨ ਸਵੇਰ 8:00 ਤੱਕ) ਲਈ ਲਾਗੂ ਹੋਣਗੇ। ਇੱਕ ਵਾਰ ਪਰਚੀ ਕੱਟਣ ਤੋਂ ਬਾਅਦ ਠੇਕੇਦਾਰ 24 ਘੰਟੇ ਦੌਰਾਨ ਉਕਤ ਤੈਅ ਦਰ੍ਹਾਂ ਤੋਂ ਇਲਾਵਾ ਚਾਰਜ ਨਹੀਂ ਕਰੇਗਾ। ਜਿਸ ਅਨੁਸਾਰ ਵਾਹਨ ਮਾਲਕ/ਚਾਲਕ ਨੂੰ 24 ਘੰਟੇ ਦੌਰਾਨ ਹਰ ਚੱਕਰ ਦੇ ਚਾਰਜ ਨਹੀਂ ਲੱਗਣਗੇ।

22. ਹਸਪਤਾਲ ਵਿੱਚ ਪਾਰਕਿੰਗ ਲਈ ਅਲਾਟ ਕੀਤੀਆਂ ਜਗ੍ਹਾ ਦੇ ਉੱਪਰ ਜੋ ਪਾਰਕਿੰਗ ਦੇ ਰੇਟ ਅਤੇ ਸਮਾਂ ਡਿਸਪਲੇ ਕੀਤੇ ਗਏ ਹਨ ਉਹਨਾਂ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ ਅਤੇ ਇਸ ਸਬੰਧੀ ਦੋਸ਼ੀ ਪਾਏ ਜਾਣ ਤੇ 5000/- ਰੁਪਏ ਜੁਰਮਾਨਾ ਕੀਤਾ ਜਾਵੇਗਾ।
23. ਠੇਕੇਦਾਰ ਸਟੈਂਡ ਦੀ ਸਫਾਈ ਦਾ ਪੂਰਾ ਖਿਆਲ ਰੱਖੇਗਾ ਤੇ ਕਿਸੇ ਵੀ ਵਹੀਕਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦੇਵੇਗਾ।
24. ਵਹੀਕਲਾਂ ਦੀ ਪਾਰਕਿੰਗ ਸੜਕ ਦੇ ਨਾਲ ਲਗਦੇ ਫੁੱਟਪਾਥ ਤੇ ਨਹੀਂ ਕਰਵਾਈ ਜਾਵੇਗੀ।

ਮੈਂ..................................... ਸਪੁੱਤਰ ਸ੍ਰੀ ....................................... ਵਾਸੀ............................. ਬਿਆਨ ਕਰਦਾ ਹਾਂ ਕਿ ਮੈਂ ਉਪਰੋਕਤ ਸਾਰੀਆਂ ਸ਼ਰਤਾਂ ਪੜ੍ਹ ਲਈਆ ਹਨ ਅਤੇ ਮੈਨੂੰ ਮੰਨਜੂਰ ਹਨ।

ਬੋਲੀਕਾਰ (ਠੇਕੇਦਾਰ) ਦੇ ਹਸਤਾਖਰ

ਮਿਤੀ:__________ ਨਾਮ___ _____________

ਸਥਾਨ:___________ ਪਤਾ:_______________

ਮੋਬਾਇਲ ਨੰਬਰ. ________________

ਈ-ਮੇਲ ਆਈ.ਡੀ:-_________________

ਬੋਲੀ ਵਿੱਚ ਹਿੱਸਾ ਲੈਣ ਲਈ ਹੇਠ ਲਿਖੇ ਦਸਤਾਵੇਜ ਜਮਾਂ ਕਰਵੇ ਜਾਣ

1. ਬੋਲੀ ਵਿੱਚ ਭਾਗ ਲੈਣ ਲਈ ਨਿਯਮਾਂ ਅਤੇ ਸ਼ਰਤਾਂ ਦੀ ਕਾਪੀ ਹਸਤਾਖਰ ਕੀਤੀ ਹੋਈ।
2. ਆਧਾਰ ਕਾਰਡ ਦੀ ਕਾਪੀ
3. ਤਿੰਨ ਪਾਸਪੋਰਟ ਸਾਇਜ ਫੋਟੋ
4. 10,000/- ਰੁਪਏ ਦਾ ਡਿਮਾਂਡ ਡਿਰਾਫਟ
5. 590/- ਰੁਪਏ ਦਾ ਡਿਮਾਂਡ ਡਿਰਾਫਟ
6. ਤਜਰਬਾ ਸਰਟੀਫਿਕੇਟ

**Annexure-I**

**(To be furnished on non-judicial stamp papers**
**Worth Rs.100/- duly attested by Executive Magistrate or Notary Public).**

| Photograph of the bidder in case of individual |
|---|

## AFFIDAVIT

I/We ______________________________ partner/sole proprietor (Strike out which is not applicable) of (Name & Address of Firm) ______________________ do hereby declare and solemnly affirm:-

a) That the individual/firm/ companies are **not debarred or black- listed** by any department of Union/ State Government or any autonomous institute.

b) That **no police case has been registered against me or any other partner of my firm and I have not been involved in any anti nation activities**.

c) That no partner or shareholder, directly or indirectly connected with the applicant has been debarred or blacklisted by any department of Union Govt./State Govt./Autonomous Institute.

d) That the terms and conditions for Parking Contract/Services at GGSMCH, Faridkot are acceptable to me/us. I/We will abide by them in letter and spirit.

Date: ______________

Place: ______________

DEPONENT

**VERIFICATION**

I/We do hereby solemnly declare and affirm that the above declarations are true and correct to the best of my/our knowledge and belief. No part of it is false and nothing has been concealed therein.

Date:____________

Place: ____________

DEPONENT